# ਇਹ ਹਮਾਰਾ ਜੀਵਣਾ

2 ... 96 27.4.96

ਗੁਰਸ਼ਰਨ ਸਿੰਘ

## ਇਕ ਹਸਪਤਾਲ ਦੀ ਕਹਾਣੀ

ਅਸ਼ਵਨੀ ਕੁਮਾਰ ਅਗਰਵਾਲ ਨੇ ਇਹ ਕਹਾਣੀ ਦਿੱਲੀ ਦੇ ਇੱਕ ਅਖਬਾਰ ਵਿਚ ਖੱਤ ਦੇ ਰੂਪ ਵਿਚ ਭੇਜੀ ਹੈ। ਇਹ ਕਹਾਣੀ ਇਕ ਹਸਪਤਾਲ ਦੀ ਹੈ। ਇਹ ਕਹਾਣੀ ਹਰ ਇਕ ਹਸਪਤਾਲ ਦੀ ਹੋ ਸਕਦੀ ਹੈ।ਅਸ਼ਵਨੀ ਕੁਮਾਰ ਲਿਖਦੇ ਹਨ:— ਮੇਰੇ ਪਿਤਾ ਦਾ ਨਾਂ ਸ੍ਰੀ ਗਾਜਾ ਨੰਦ ਹੈ।ਉਹ ਪੇਸ਼ੇ ਵਜੋਂ ਵਕੀਲ ਹਨ।1950 ਤੋਂ ਉਹ ਵਕਾਲਤ ਕਰ ਰਹੇ ਹਨ।ਉਹ 10 ਜਨਵਰੀ ਰਾਜਪੁਰ ਰੋਡ ਦਿੱਲੀ ਉੱਤੇ ਸਥਾਪਤ ਤੀਰਥ ਰਾਮ ਹਸਪਤਾਲ ਵਿਚ ਦਾਖਲ ਹੋਏ।ਉਨ੍ਹਾਂ ਨੂੰ ਪੇਚਸ ਦੀ ਸ਼ਿਕਾਇਤ ਸੀ।ਡਾਕਟਰ ਨੇ ਪਹਿਲੇ ਕੁੱਝ ਟੈਸਟ ਕਰਵਾਉਣ ਲਈ ਆਖਿਆ।ਉਹ ਕਰਵਾਏ ਗਏ। ਟੈਸਟ ਲਈ ਖੂਨ ਵੀ ਲਿਆ ਗਿਆ ਪਰ ਇਲਾਜ ਕੋਈ ਨਾ ਸ਼ੁਰੂ ਹੋਇਆ। ਮਰੀਜ਼ ਜਿਸ ਬਿਸਤਰੇ 'ਤੇ ਸੀ ਉਸ ਨੂੰ ਕੋਈ ਸਰਾਹਣਾ ਨਾ ਦਿੱਤਾ ਗਿਆ। 13 ਜਨਵਰੀ ਨੂੰ ਉਸ ਨੂੰ ਠੰਡਾ ਖੂਨ ਚੜ੍ਹਾਉਣ ਦਾ ਅਮਲ ਸ਼ੁਰੂ ਹੋਇਆ, ਜਿਸ ਦੇ ਨਾਲ ਮਰੀਜ਼ ਨੂੰ ਕੰਬਣੀ ਛਿੜ ਗਈ। ਸਾਨੂੰ ਬਹੁਤ ਸਾਰੇ ਟੈਸਟਾਂ ਲਈ ਪੈਸਾ ਖਰਚਣਾ ਪਿਆ, ਮਰੀਜ਼ ਦੀ ਹਾਲਤ ਵਿਗੜਦੀ ਗਈ। ਸਾਰੇ ਹਸਪਤਾਲ ਵਿਚ ਸਫਾਈ ਨਾਂ ਦੀ ਕੋਈ ਚੀਜ਼ ਨਹੀਂ। ਬਾਥਰੂਮਾਂ ਵਿਚੋਂ ਨਾਕਾਬਲੇ ਬਰਦਾਸ਼ਤ ਬਦਬੂ ਆ ਰਹੀ ਸੀ। ਹਸਪਤਾਲ ਦਾ ਸਾਰਾ ਸਟਾਫ ਪੂਰੀ ਤਰ੍ਹਾਂ ਪੈਸੇ ਦਾ ਯਾਰ ਸੀ। ਹਰ ਇਕ ਕੰਮ ਲਈ ਕਰਮਚਾਰੀ ਨੂੰ ਪੈਸੇ ਦੇਣੇ ਪੈਂਦੇ ਸਨ।ਮਰੀਜ਼ ਨੂੰ ਇਕ ਥਾਂ ਤੋਂ ਦੂਜੀ ਥਾਂ ਸਟੈਚਰ ਜਾਂ ਗੱਡੀ ਵਿਚ ਲਿਜਾਣ ਲਈ ਸਟਾਫ ਨੂੰ ਉੱਤੋਂ ਦਾ ਪੈਸਾ ਦੇਣਾ ਪੈਂਦਾ ਸੀ। ਮੇਰੇ ਪਿਤਾ ਨੂੰ ਕੋਈ ਆਕਸੀਜਨ ਨਹੀਂ ਲਗਾਈ ਗਈ ਪਰ ਉਸ ਦਾ 1500/-ਰੁਪਏ ਦਾ ਬਿੱਲ ਜ਼ਰੂਰ ਦੇਣਾ ਪਿਆ। 300/-ਰੁਪਏ ਇਕ ਸੇਵਾਦਾਰ ਦੀ ਫੀਸ ਦਾ ਲਿਆ ਗਿਆ ਪਰ ਉਹ ਸੇਵਾਦਾਰ ਮਰੀਜ਼ ਦੇ ਨੇੜੇ ਤੱਕ ਨਹੀਂ ਆਇਆ।ਨਰਸਿੰਗ ਸਟਾਫ ਦਾ ਸਾਰਾ ਰਵੱਈਆ ਗੈਰ-ਹਮਦਰਦਾਨਾ ਸੀ।ਉਹ ਖਾਣ ਨੂੰ ਪੈਂਦੀਆਂ ਸਨ।7 ਫਰਵਰੀ ਨੂੰ ਮੇਰੇ ਪਿਤਾ ਚਲਾਣਾ ਕਰ ਗਏ। ਸਾਰੀ ਅਦਾਇਗੀ ਜੋ ਹਸਪਤਾਲ ਵਿਚ ਕੀਤੀ ਗਈ, ਉਹਦੀ ਰਸੀਦ 'ਤੇ ਕੋਈ ਰਸੀਦੀ ਟਿਕਟ ਨਹੀਂ ਸੀ। ਇਹ ਮੈਂ ਆਪਣਾ ਇਕ ਕੇਸ ਦੱਸਿਆ ਹੈ ਪਰ ਮੈਨੂੰ ਪਤਾ ਹੈ ਕਿ ਹਰ ਇਕ ਨਾਲ ਇਸੀ ਤਰ੍ਹਾਂ ਬੀਤਦਾ ਹੈ। ਕਰਮਚਾਰੀਆਂ ਦੀ ਮਰੀਜ਼ਾਂ ਵੱਲ ਬੇਰੁਖੀ ਦੀ ਇਹ ਇਕ ਮਿਸਾਲ ਹੈ, ਜੋ ਮੈਂ ਪਬਲਿਕ ਅੱਗੇ ਲਿਆ ਰਿਹਾ ਹਾਂ।

ਗੱਲ ਜਿਹੜੀ ਧਿਆਨ ਵਿਚ ਆਉਂਦੀ ਹੈ, ਉਹ ਇਹ ਹੈ ਕਿ ਹਰ ਥਾਂ ਕਰਮਚਾਰੀਆਂ ਦੀਆਂ, ਡਾਕਟਰਾਂ ਦੀਆਂ ਯੂਨੀਅਨਾਂ ਹਨ। ਉਹ ਆਪਣੇ ਹੱਕਾਂ ਲਈ ਲੜਦੀਆਂ ਹਨ ਪਰ ਮਰੀਜ਼ਾਂ ਵੱਲ ਉਨ੍ਹਾਂ ਦਾ ਕੀ ਫਰਜ਼ ਹੈ ? ਇਹ ਯੂਨੀਅਨਾਂ ਦੇ ਏਜੰਡੇ 'ਤੇ ਨਹੀਂ।

ਪੰਜਾਬ ਵਿਚ ਸਿਹਤ ਕਾਰਪੋਰੇਸ਼ਨ ਹੁਣ ਹੋਂਦ ਵਿਚ ਆ ਗਈ ਹੈ। ਡਾਕਟਰਾਂ ਅਤੇ ਸਿਹਤ ਕਾਮਿਆਂ ਦੇ ਹਿੱਤਾਂ ਦੀ ਗੱਲ ਜਿਥੇ ਕਰਨੀ ਜ਼ਰੂਰੀ ਹੈ, ਉੱਥੇ ਬਹਿਸ ਦਾ ਮੁੱਖ ਮੁੱਦਾ ਇਹ ਹੋਣਾ ਚਾਹੀਦਾ ਹੈ ਕਿ ਸਾਧਾਰਨ ਮਰੀਜ਼ਾਂ ਨੂੰ ਕਿਸ ਤਰ੍ਹਾਂ ਚੰਗੀ ਸਿਹਤ ਸੇਵਾ ਮਿਲੇ। ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਕਾਰਪੋਰੇਸ਼ਨ ਬਣਨ ਨਾਲ ਮਰੀਜ਼ਾਂ ਨੂੰ ਸਿਹਤ ਸੇਵਾ ਮਹਿੰਗੀ ਮਿਲੇਗੀ। ਡਾਕਟਰਾਂ ਅਤੇ ਸਿਹਤ ਕਾਮਿਆਂ ਦੇ ਹਿੱਤ ਵੀ ਕਾਰਪੋਰੇਸ਼ਨ ਵਿਚ ਰਾਖਵੇਂ ਨਹੀਂ ਪਰ ਜੋ ਕਾਰਪੋਰੇਸ਼ਨ ਦੇ ਵਿਰੁੱਧ ਹਨ ਉਨ੍ਹਾਂ ਨੂੰ ਇਹ ਸਾਬਤ ਵੀ ਕਰਨਾ ਪਵੇਗਾ ਕਿ ਜਿਹੜਾ ਸਿਸਟਮ ਹੁਣ ਚੱਲ ਰਿਹਾ ਹੈ ਕੀ ਉਹ ਸਾਧਾਰਨ ਮਰੀਜ਼ਾਂ ਦੇ ਹਿੱਤ ਵਿਚ ਹੈ ?

## ਪੁੱਤਰੋ ਹੁਣ ਤੁਸੀਂ ਲੁਟੋ

ਹਵਾਲਾ ਕਾਂਡ ਦੇ ਨਾਇਕਾਂ ਬੂਟਾ ਸਿੰਘ ਅਤੇ ਜਾਖੜ ਨੇ ਆਪਣੀ ਥਾਂ ਹੁਣ ਆਪਣੇ ਪੁੱਤਰਾਂ ਨੂੰ ਬਠਿੰਡਾ ਅਤੇ ਫਿਰੋਜ਼ਪੁਰ ਵਿਖੇ ਲੋਕ ਸਭਾ ਦੀ ਚੋਣ ਵਿਚ ਮੈਦਾਨ ਵਿਚ ਉਤਾਰਿਆ ਹੈ। ਨਾਅਰਾ ਹੈ

"ਅਸੀਂ ਤਾਂ ਦੇਸ਼ ਨੂੰ ਲੁੱਟ ਲਿਆ
ਹੁਣ ਵਾਰੀ ਤੁਹਾਡੀ ਹੈ।"

29-ਡੀ, ਚੰਡੀਗੜ੍ਹ ਤੋਂ ਛਪਵਾ ਕੇ ਮੈਸਰਜ਼ ਦੇਸ਼ ਸੇਵਕ ਐਸੋਸੀਏਸ਼ਨ, ਬਾਬਾ ਸੋਹਣ ਸਿੰਘ ਭਕਨਾ ਭਵਨ, 29-ਡੀ, ਚੰਡੀਗੜ੍ਹ ਲਈ ਪ੍ਰਕਾਸ਼ਿਤ ਕ